**Module 9 – ਸਮਝਦਾਰ ਗਾਹਕ (The Wise Consumer)** **ACTIVITY SHEET 9-1**

**ਗਾਹਕ ਲਈ ਪ੍ਰਸ਼ਨ–ਉੱਤਰ (Consumer Quiz)**

ਤੁਸੀਂ ਕਿਸ ਤਰ੍ਹਾਂ ਦੇ ਗਾਹਕ ਹੋ? ਆਪਣੇ ਉੱਤਰ ਤੇ ਗੋਲਾ ਵਾਓ।

1. ਕੋਈ ਵੱਡੀ ਖ਼ਰੀਦਦਾਰੀ ਕਰਨ ਤੋਂ ਪਹਿਲਾਂ, ਮੈਂ ਉਸ ਵਸਤੂ ਬਾਰੇ ਛਾਣ-ਬੀਣ ਕਰ ਲੈਂਦਾ ਹਾਂ ਅਤੇ ਉਨ੍ਹਾਂ ਲੋਕਾਂ ਦੀ ਰਾਏ ਵੀ ਜਾਣ ਲੈਂਦਾ ਹਾਂ ਜਿਨ੍ਹਾਂ ਨੇ ਇਹ ਵਸਤੂ ਪਹਿਲਾਂ ਖ਼ਰੀਦੀ ਹੋਈ ਹੈ।

   A) ਹਮੇਸ਼ਾਂ B) ਕਦੀ–ਕਦੀ C) ਕਦੀ ਨਹੀਂ

2. ਰਾਸ਼ਨ ਖ਼ਰੀਦਣ ਜਾਣ ਵੇਲੇ ਮੈਂ ਆਪਣੀ ਲਿਸਟ ਨਾਲ ਲੈ ਕੇ ਜਾਂਦਾ ਹਾਂ ਤਾਂ ਕਿ ਮੈਂ ਉਹ ਚੀਜ਼ਾਂ ਨਾ ਖ਼ਰੀਦਾਂ ਜਿਨ੍ਹਾਂ ਦੀ ਮੈਨੂੰ ਜ਼ਰੂਰਤ ਨਹੀਂ ਹੈ।

   A) ਹਮੇਸ਼ਾਂ B) ਕਦੀ–ਕਦੀ C) ਕਦੀ ਨਹੀਂ

3. ਕੋਈ ਵੀ ਚੀਜ਼ ਖ਼ਰੀਦਣ ਤੋਂ ਪਹਿਲਾਂ ਮੈਂ ਸਟੋਰ ਦੀ ਰਿਟਰਨ ਅਤੇ ਰੀਫੰਡ ਪਾਲਿਸੀ ਬਾਰੇ ਜਾਣਕਾਰੀ ਲੈ ਲੈਂਦਾ ਹਾਂ।

   A) ਹਮੇਸ਼ਾਂ B) ਕਦੀ–ਕਦੀ C) ਕਦੀ ਨਹੀਂ

4. ਮੈਂ ਖ਼ਰੀਦਣ ਤੋਂ ਪਹਿਲਾਂ ਸੇਲ ਬਾਰੇ ਜਾਣ ਲੈਂਦਾ ਹਾਂ ਜਾਂ ਕੂਪਨ-ਬੁੱਕ ਦੀ ਵਰਤੋਂ ਕਰਦਾ ਹਾਂ ।

   A) ਹਮੇਸ਼ਾਂ B) ਕਦੀ–ਕਦੀ C) ਕਦੀ ਨਹੀਂ

5. ਜ਼ਰੂਰਤ ਦਾ ਸਮਾਨ,ਮੈਂ ਸੇਲ ਲੱਗਣ ਤੇ ਇਕੱਠਾ ਖ਼ਰੀਦ ਲੈਂਦਾ ਹਾਂ ਜਾਂ ਥੋਕ ਦੇ ਸਟੋਰ ਤੋਂ ਲੈ ਲੈਂਦਾ ਹਾਂ।

   A) ਹਮੇਸ਼ਾਂ B) ਕਦੀ–ਕਦੀ C) ਕਦੀ ਨਹੀਂ

6. ਜੇ ਕਰ ਮੈਂ ਆਪਣੀ ਖ਼ਰੀਦੇ ਸਮਾਨ ਤੋਂ ਸੰਤੁਸ਼ਟ ਨਹੀਂ ਤਾਂ ਮੈਂ ਉਸ ਦੇ ਬਦਲੇ ਦੂਜੀ ਲੈ ਆਉਂਦਾ ਹਾਂ ਜਾਂ ਰੀਫੰਡ ਲੈ ਲੈਂਦਾ ਹਾਂ।

   A) ਹਮੇਸ਼ਾਂ B) ਕਦੀ–ਕਦੀ C) ਕਦੀ ਨਹੀਂ

7. ਜਦੋਂ ਮੈਂ ਖ਼ਾਣ ਵਾਲੀਆਂ ਵਸਤਾਂ ਦੀ ਖ਼ਰੀਦ ਕਰਦਾ ਹਾਂ, ਮੈਂ ਕੀਮਤ (ਯੂਨਿਟ ਪਰਾਈਸ) ਦੇ ਨਾਲ ਮਾਤਰਾ ਦੀ ਤੁਲਣਾ ਕਰਦਾ ਹਾਂ ਤਾਂ ਕਿ ਮੈਂ ਵਧੀਆ ਸੌਦਾ ਕਰ ਸਕਾਂ।

   A) ਹਮੇਸ਼ਾਂ B) ਕਦੀ–ਕਦੀ C) ਕਦੀ ਨਹੀਂ

8. ਮੈਂ ਜੋਸ਼ ਵਿੱਚ ਆ ਕੇ ਖ਼ਰੀਦਦਾਰੀ ਨਹੀਂ ਕਰਦਾ ਜਾਂ ਕਿਸੇ ਕਾਰਣ ਭਾਵਕ ਹੋ ਕੇ ਕੋਈ ਚੀਜ਼ ਨਹੀਂ ਖ਼ਰੀਦ ਲੈਂਦਾ ਜਿਵੇਂ ਕਿ “ਮੈਂ ਇਸ ਦੇ ਲਾਇਕ ਹਾਂ”

   A) ਹਮੇਸ਼ਾਂ B) ਕਦੀ–ਕਦੀ C) ਕਦੀ ਨਹੀਂ

9. ਖ਼ਰੀਦਣ ਤੋਂ ਪਹਿਲਾਂ ਮੈਂ ਵਸਤਾਂ ਦੀ ਤੁਲਣਾ ਕਰ ਲੈਂਦਾ ਹਾਂ ਤਾਂ ਕਿ ਮੈਂ ਵਧੀਆ ਕੀਮਤ ਪ੍ਰਾਪਤ ਕਰ ਸਕਾਂ।

   A) ਹਮੇਸ਼ਾਂ B) ਕਦੀ–ਕਦੀ C) ਕਦੀ ਨਹੀਂ

10. ਜੇ ਕਰ ਕਿਸੇ ਵਸਤੂ ਬਾਰੇ ਮੇਰਾ ਕੋਈ ਸਵਾਲ ਹੋਵੇ, ਮੈਂ ਸੇਲਜ਼-ਪਰਸਨ ਨੂੰ ਚੰਗੀ ਤਰ੍ਹਾਂ ਪੁੱਛ ਲੈਂਦਾ ਹਾਂ ਤਾਂ ਕਿ ਮੇਰੇ ਸਵਾਲ ਦਾ ਜਵਾਬ ਮੈਨੂੰ ਮਿਲ ਸਕੇ।

    A) ਹਮੇਸ਼ਾਂ B) ਕਦੀ–ਕਦੀ C) ਕਦੀ ਨਹੀਂ

11. ਮੈਂ ਆਪਣੀਆਂ ਰਸੀਦਾਂ ਸਾਂਭ ਕੇ ਰੱਖਦਾ ਹਾਂ ਤਾਂ ਕਿ ਮੈਂ ਜੋ ਵੀ ਖ਼ਰੀਦਿਆ ਹੈ ਉਸ ਦਾ ਬਿਓਰਾ ਰੱਖ ਸਕਾਂ ਅਤੇ ਵਾਪਸ ਕਰਨ ਦੀ ਜ਼ਰੂਰਤ ਹੋਵੇ ਤਾਂ ਵਰਤ ਸਕਾਂ।

    A) ਹਮੇਸ਼ਾਂ B) ਕਦੀ–ਕਦੀ C) ਕਦੀ ਨਹੀਂ

12. ਬ੍ਰਾਂਡਾਂ ਦੇ ਨਾਮ ਚੀਜ਼ਾਂ ਖ਼ਰੀਦਣ ਵੇਲੇ ਮੇਰੀ ਪਸੰਦ ਨੂੰ ਪ੍ਰਭਾਵਿਤ ਨਹੀਂ ਕਰਦੇ।ਜਦੋਂ ਚੰਗੀ ਕੁਵਾਲਿਟੀ ਦੀ ਚੀਜ਼ ਵਧੀਆ ਕੀਮਤ ਤੇ ਮਿਲਦੀ ਹੋਵੇ, ਮੈਂ ਖ਼ਰੀਦ ਲੈਂਦਾਂ ਹਾਂ।

    A) ਹਮੇਸ਼ਾਂ B) ਕਦੀ–ਕਦੀ C) ਕਦੀ ਨਹੀਂ

**ਤੁਸੀਂ ਕਿੰਨ੍ਹੇ A, ਕਿੰਨ੍ਹੇ B ਅਤੇ ਕਿੰਨ੍ਹੇ C ਉੱਤੇ ਗੋਲੇ ਮਾਰੇ ਹਨ, ਉਨ੍ਹਾਂ ਦੀ ਗਿਣਤੀ ਕਰੋ।**

**ਜੇ ਕਰ ਤੁਸੀਂ ਜ਼ਿਆਦਾ A ਨੂੰ ਗੋਲੇ ਮਾਰੇ ਹਨ ਤਾਂ:**

ਤੁਸੀਂ ਇਕ ਸਮਝਦਾਰ ਖ਼ਰੀਦਦਾਰ ਹੋ। ਤੁਸੀਂ ਖ਼ਰੀਦਣ ਤੋਂ ਪਹਿਲਾਂ ਚੀਜ਼ਾਂ ਬਾਰੇ ਸੋਚ-ਵਿਚਾਰ ਕਰਦੇ ਹੋ ਅਤੇ ਉਸ ਬਾਰੇ ਪੂਰੀ ਜਾਣਕਾਰੀ ਪ੍ਰਾਪਤ ਕਰ ਲੈਂਦੇ ਹੋ। ਤੁਸੀਂ ਸਿਰਫ਼ ਖਰਚ ਕਰਨ ਲਈ ਹੀ ਖ਼ਰੀਦ ਨਹੀਂ ਕਰਦੇ। ਤੁਸੀਂ ਆਪਣੇ ਖਰਚੇ ਹੋਏ ਡਾਲਰ ਦੀ ਪੂਰੀ ਕੀਮਤ ਵਸੂਲਦੇ ਹੋ। ਇਕ ਗਾਹਕ ਵਜੋਂ ਤੁਸੀਂ ਆਪਣੇ ਅਧੀਕਾਰਾਂ ਬਾਰੇ ਜਾਣਕਾਰੀ ਰੱਖਦੇ ਹੋ ਅਤੇ ਧੋਖਾ ਨਹੀਂ ਖਾਂਦੇ। ਭਾਂਵੇਂ, ਇਸ ਵਰਕਸ਼ਾਪ ਵਿੱਚ ਸਿਖਾਈਆਂ ਜਾਣ ਵਾਲੀਆਂ ਗੱਲਾਂ ਦੀ ਤੁਸੀਂ ਪਹਿਲਾਂ ਹੀ ਵਧੇਰੇ ਜਾਣਕਾਰੀ ਰੱਖਦੇ ਹੋ, ਪਰ ਫਿਰ ਵੀ ਕੁੱਝ ਨਵਾਂ ਸਿੱਖਣ ਦੀ ਹਮੇਸ਼ਾਂ ਹੀ ਗੁੰਜਾਇਸ਼ ਹੁੰਦੀ ਹੈ।

**ਜੇ ਕਰ ਤੁਸੀਂ ਜ਼ਿਆਦਾ B ਨੂੰ ਗੋਲੇ ਮਾਰੇ ਹਨ ਤਾਂ:**

ਖ਼ਰੀਦਦਾਰੀ ਦੀ ਗਲ੍ਹ ਕਰੀਏ ਤਾਂ, ਇਸ ਵਿਸ਼ੇ ਬਾਰੇ ਤੁਹਾਡੀ ਸਮਝ ਬਹੁਤ ਚੰਗੀ ਹੈ। ਪਰੰਤੂ, ਖਰਚ ਕਰਨ ਵੇਲੇ ਥੋੜਾ ਜਿਹਾ ਹੋਰ ਧਿਆਨ ਦਿਓ ਤਾਂ ਤੁਹਾਨੂੰ ਜ਼ਿਆਦਾ ਬਚਤ ਕਰਨ ਵਿੱਚ ਮਦਦ ਹੋ ਸਕਦੀ ਹੈ। ਤੁਸੀਂ ਸ਼ਾਇਦ ਗਾਹਕ ਦੇ ਅਧੀਕਾਰਾਂ ਬਾਰੇ ਹੋਰ ਜ਼ਿਆਦਾ ਜਾਣਕਾਰੀ ਹਾਸਲ ਕਰਨਾ ਚਾਹੋਗੇ। ਸ਼ਾਇਦ ਤੁਹਾਨੂੰ ਆਪਣੇ ਖਰਚ ਤੇ ਨਿਗਰਾਨੀ ਰੱਖਦੇ ਰਹਿਣਾ ਚਾਹੀਦਾ ਹੈ। ਜੇ ਗਾਹਕ ਦੇ ਅਧਿਕਾਰਾਂ ਦੀ ਗਲ੍ਹ ਕਰੀਏ, ਇਹ ਵਰਕਸ਼ਾਪ ਤੁਹਾਨੂੰ ਉਨ੍ਹਾਂ ਖ਼ੇਤਰਾਂ ਬਾਰੇ ਕੁਝ ਸੁਝਾਵ ਦੇਵੇਗੀ ਜਿੱਥੇ ਤੁਹਾਨੂੰ ਸੁਧਾਰ ਦੀ ਜ਼ਰੂਰਤ ਹੈ।

**ਜੇ ਕਰ ਤੁਸੀਂ ਜ਼ਿਆਦਾ A ਨੂੰ ਗੋਲੇ ਮਾਰੇ ਹਨ ਤਾਂ:**

ਤੁਹਾਡੇ ਲਈ ਇਹ ਇਕ ਬਹੁਤ ਹੀ ਚੰਗੀ ਵਰਕਸ਼ਾਪ ਹੈ। ਤੁਹਾਨੂੰ ਆਪਣੀਆਂ ਖ਼ਰਚ ਕਰਨ ਅਤੇ ਖ਼ਰੀਦਦਾਰੀ ਕਰਨ ਦੀਆਂ ਆਦਤਾਂ ਬਾਰੇ ਦਬਾਰਾ ਸੋਚਣ ਦੀ ਜ਼ਰੂਰਤ ਹੈ। ਖ਼ਰੀਦਣ ਤੋਂ ਪਹਿਲਾਂ ਜੇ ਤੁਸੀਂ ਥੋੜਾ ਸਮਾਂ ਕੱਢ ਕੇ ਚੰਗੀ ਕੀਮਤ ਪ੍ਰਾਪਤ ਕਰਨ ਬਾਰੇ ਜਾਣਕਾਰੀ ਹਾਸਲ ਕਰੋ ਤਾਂ ਤੁਸੀਂ ਪੈਸੇ ਬਚਾ ਸਕਦੇ ਹੋ। ਤੁਹਾਨੂੰ ਇਕ ਗਾਹਕ ਵਜੋਂ ਆਪਣੇ ਅਧੀਕਾਰਾਂ ਬਾਰੇ ਜਾਣਕਾਰੀ ਹਾਸਲ ਕਰਨ ਦੀ ਜ਼ਰੂਰਤ ਹੈ ਤਾਂ ਕਿ ਤੁਸੀਂ ਧੋਖਾ ਨਾ ਖਾਓ। ਇਸ ਵਰਕਸ਼ਾਪ ਤੋਂ ਤੁਹਾਨੂੰ ਬਹੁਤ ਸਾਰੇ ਸੁਝਾਅ ਮਿਲਣਗੇ ਜਿਸ ਨਾਲ ਤੁਸੀਂ ਇਨ੍ਹਾਂ ਸਾਰੇ ਖ਼ੇਤਰਾਂ ਵਿੱਚ ਸੁਧਾਰ ਲਿਆ ਸਕਦੇ ਹੋ।